2026 ਵੈਨਕੂਵਰ ਚੋਣ

# ਡਾਕ ਰਾਹੀਂ ਵੋਟ ਪਾਉਣ ਦੀਆਂ ਹਿਦਾਇਤਾਂ

## ਤੁਹਾਡੇ ਪੈਕੇਜ ਵਿੱਚ ਇਹ ਚੀਜ਼ਾਂ ਸ਼ਾਮਲ ਹਨ:

- ਗੁਪਤਤਾ ਲਿਫਾਫਾ
- ਪ੍ਰਮਾਣੀਕਰਨ ਲਿਫਾਫਾ
- ਤੁਹਾਡੀਆਂ ਵੋਟ-ਪਰਚੀਆਂ
- ਵਾਪਸੀ ਲਿਫਾਫਾ

ਜੇਕਰ ਕੋਈ ਚੀਜ਼ ਗਾਇਬ ਹੈ, ਤਾਂ ਚੋਣ ਦਫ਼ਤਰ ਨੂੰ **604-829-2010** 'ਤੇ ਕਾਲ ਕਰੋ।

**ਜੇਕਰ ਤੁਸੀਂ ਡਾਕ ਰਾਹੀਂ ਵੋਟ ਪਾਉਂਦੇ ਹੋ, ਤਾਂ ਤੁਸੀਂ ਵੋਟ ਪਾਉਣ ਵਾਲੇ ਸਥਾਨ 'ਤੇ ਦੁਬਾਰਾ ਵੋਟ ਨਹੀਂ ਪਾ ਸਕਦੇ।**

CITY OF VANCOUVER | VANCOUVER VOTES

## ਡ੍ਰੌਪਬਾਕਸ ਦੇ ਸਥਾਨ

ਛੁੱਟੀਆਂ ਦੌਰਾਨ ਸਮਾਂ ਵੱਖਰਾ ਹੋ ਸਕਦਾ ਹੈ। ਦਿੱਤੇ ਗਏ ਸਮੇਂ ਬਦਲ ਸਕਦੇ ਹਨ।
ਜਾਣ ਤੋਂ ਪਹਿਲਾਂ **vancouver.ca/vote-by-mail** 'ਤੇ ਤਾਜ਼ਾ ਜਾਣਕਾਰੀ ਵੇਖੋ।

**ਸਿਟੀ ਹਾਲ (City Hall)**
453 West 12th Avenue | ਦੱਖਣੀ ਪ੍ਰਵੇਸ਼
24/7 ਡ੍ਰੌਪ ਬਾਕਸ ਤੱਕ ਪਹੁੰਚ

**ਚੋਣ ਦਫ਼ਤਰ (Election Office)**
305 West 8th Avenue
24/7 ਡ੍ਰੌਪ ਬਾਕਸ ਤੱਕ ਪਹੁੰਚ

**Coal Harbour Community Centre**
480 Broughton Street
ਸੋਮ - ਵੀਰ: ਸਵੇਰੇ 9 ਤੋਂ ਸ਼ਾਮ 10 ਵਜੇ । ਸ਼ੁੱਕਰ: ਸਵੇਰ 9 ਤੋਂ ਸ਼ਾਮ 9 ਵਜੇ
ਸ਼ਨੀ: ਸਵੇਰੇ 9 ਤੋਂ ਸ਼ਾਮ 5 ਵਜੇ | ਐਤ: ਸਵੇਰੇ 10 ਤੋਂ ਸ਼ਾਮ 5 ਵਜੇ

**Dunbar Community Centre**
4747 Dunbar Street
ਸੋਮ – ਸ਼ੁੱਕਰ: ਸਵੇਰੇ 8:30 ਤੋਂ ਸ਼ਾਮ 8:30 ਵਜੇ
ਸ਼ਨੀ – ਐਤ: ਸਵੇਰੇ 8:45 ਤੋਂ ਸ਼ਾਮ 4 ਵਜੇ

**Hastings Community Centre**
3096 East Hastings Street
ਸੋਮ – ਸ਼ੁੱਕਰ: ਸਵੇਰੇ 9 ਤੋਂ ਸ਼ਾਮ 9:45 ਵਜੇ | ਸ਼ਨੀ: ਸਵੇਰੇ 9 ਤੋਂ ਸ਼ਾਮ 4:45 ਵਜੇ
ਐਤ: ਸਵੇਰੇ 10 ਤੋਂ ਦੁਪਹਿਰ ਬਾਅਦ 2 ਵਜੇ

**Hillcrest Centre**
4575 Clancy Loranger Way
ਸੋਮ – ਸ਼ੁੱਕਰ: ਸਵੇਰੇ 6 ਤੋਂ ਸ਼ਾਮ 9 ਵਜੇ

**Kerrisdale Community Centre**
5851 West Boulevard
ਸੋਮ – ਸ਼ੁੱਕਰ: ਸਵੇਰੇ 6:30 ਤੋਂ ਸ਼ਾਮ 10 ਵਜੇ | ਸ਼ਨੀ – ਐਤ: ਸਵੇਰੇ 9 ਤੋਂ ਸ਼ਾਮ 6 ਵਜੇ

**Killarney Community Centre**
6260 Killarney Street
ਸੋਮ – ਸ਼ੁੱਕਰ: ਸਵੇਰੇ 6:15 ਤੋਂ ਸ਼ਾਮ 9:30 ਵਜੇ | ਸ਼ਨੀ – ਐਤ: ਸਵੇਰੇ 8 ਤੋਂ ਸ਼ਾਮ 9 ਵਜੇ

**Kitsilano War Memorial Community Centre**
2690 Larch Street
ਸੋਮ – ਸ਼ੁੱਕਰ: ਸਵੇਰੇ 7 ਤੋਂ ਸ਼ਾਮ 10 ਵਜੇ | ਸ਼ਨੀ – ਐਤ: ਸਵੇਰੇ 7 ਤੋਂ ਸ਼ਾਮ 8 ਵਜੇ

**Roundhouse Community Arts & Recreation Centre**
181 Roundhouse Mews
ਸੋਮ – ਸ਼ੁੱਕਰ: ਸਵੇਰੇ 9 ਤੋਂ ਸ਼ਾਮ 9:45 ਵਜੇ | ਸ਼ਨੀ – ਐਤ: ਸਵੇਰੇ 9 ਤੋਂ ਸ਼ਾਮ 4:45 ਵਜੇ

**Sunset Community Centre**
6810 Main Street
ਸੋਮ – ਸ਼ੁੱਕਰ: ਸਵੇਰੇ 9 ਤੋਂ ਸ਼ਾਮ 9:30 ਵਜੇ | ਸ਼ਨੀ – ਐਤ: ਸਵੇਰੇ 9 ਤੋਂ ਸ਼ਾਮ 5 ਵਜੇ

**Trout Lake Community Centre**
3360 Victoria Drive
ਸੋਮ – ਸ਼ੁੱਕਰ: ਸਵੇਰੇ 9 ਤੋਂ ਸ਼ਾਮ 10 ਵਜੇ | ਸ਼ਨੀ – ਐਤ: ਸਵੇਰੇ 8 ਤੋਂ ਸ਼ਾਮ 5 ਵਜੇ

## ਆਪਣਾ ਲਿਫਾਫਾ ਵਾਪਸ ਕਰੋ

ਤੁਹਾਡੇ ਕੋਲ ਆਪਣੀਆਂ ਭਰੀਆਂ ਹੋਈਆਂ ਵੋਟ-ਪਰਚੀਆਂ ਵਾਪਸ ਕਰਨ ਦੇ ਦੋ ਤਰੀਕੇ ਹਨ:

1. ਡਾਕ ਦੁਆਰਾ, ਕੈਨੇਡਾ ਦੇ ਅੰਦਰ ਮੁਫ਼ਤ ਡਾਕ।
2. ਨਿਰਧਾਰਤ ਡਾਕ ਰਾਹੀਂ ਵੋਟ ਪਾਉਣ ਵਾਲੇ ਡ੍ਰੌਪ ਬਾਕਸ ਦੀ ਵਰਤੋਂ ਕਰੋ।

**ਪ੍ਰਾਪਤ ਕਰਨ ਦੀ ਆਖਰੀ ਮਿਤੀ: 17 ਅਕਤੂਬਰ, ਸ਼ਨੀਵਾਰ ਨੂੰ ਸ਼ਾਮ 8 ਵਜੇ।**

ਇਸ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਵੋਟ-ਪਰਚੀਆਂ ਨੂੰ ਗਿਣਿਆ ਨਹੀਂ ਜਾਵੇਗਾ। ਡਾਕ ਦੀ ਮੋਹਰ ਦੀ ਤਾਰੀਖ਼ ਮੰਨੀ ਨਹੀਂ ਜਾਵੇਗੀ।

ਕੀ ਤੁਸੀਂ ਆਪਣੀ ਵੋਟ-ਪਰਚੀ ਆਖ਼ਰੀ ਮਿਤੀ ਦੇ ਨੇੜੇ ਵਾਪਸ ਕਰ ਰਹੇ ਹੋ? ਸਮੇਂ ਸਿਰ ਪਹੁੰਚਣ ਦੀ ਗਰੰਟੀ ਲਈ ਡ੍ਰੌਪ ਬਾਕਸ ਦੀ ਵਰਤੋਂ ਕਰੋ।

# ਕਦਮ 1

**ਆਪਣੀਆਂ ਵੋਟ-ਪਰਚੀਆਂ 'ਤੇ ਕਾਲੇ ਜਾਂ ਨੀਲੇ ਪੈੱਨ ਨਾਲ ਨਿਸ਼ਾਨ ਲਗਾਓ।** ਲਾਲ ਸਿਆਹੀ ਜਾਂ ਪੈਨਸਿਲ ਦੀ ਵਰਤੋਂ ਨਾ ਕਰੋ। ਆਪਣੀਆਂ ਚੋਣਾਂ ਦੇ ਖੱਬੇ ਪਾਸੇ ਅੰਡਾਕਾਰ ਨੂੰ ਪੂਰੀ ਤਰ੍ਹਾਂ ਭਰੋ।

**ਵੈਨਕੂਵਰ ਦੇ ਵੋਟਰ ਇਹਨਾਂ ਲਈ ਵੋਟ ਪਾ ਸਕਦੇ ਹਨ:**

- ਇੱਕ (1) ਮੇਅਰ,
- ਦਸ (10) ਕੌਂਸਲਰ,
- ਸੱਤ (7) ਪਾਰਕ ਬੋਰਡ ਕਮਿਸ਼ਨਰ,
- ਨੌਂ (9) ਸਕੂਲ ਟਰੱਸਟੀ,
- ਤਿੰਨ (3) ਕੈਪੀਟਲ ਪਲਾਨ ਬਾਰੇ ਸਵਾਲ
- ਅਤੇ ਦੋ (2) ਰਾਇਸ਼ੁਮਾਰੀ ਸਵਾਲ

**ਜੇਕਰ ਤੁਹਾਨੂੰ ਆਪਣੀਆਂ ਵੋਟ-ਪਰਚੀਆਂ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ ਚੋਣ ਦਫ਼ਤਰ ਨੂੰ 604-829-2010 'ਤੇ ਕਾਲ ਕਰੋ।**




# ਕਦਮ 2

ਵੋਟ-ਪਰਚੀ ਨੂੰ ਫੋਲਡ ਕਰੋ, ਇਸਨੂੰ **ਲਿਫਾਫੇ** 1 ਵਿੱਚ ਪਾਓ ਅਤੇ ਲਿਫਾਫੇ ਨੂੰ ਸੀਲ ਕਰ ਦਿਓ।




# ਕਦਮ 3

**ਲਿਫਾਫੇ** 2 'ਤੇ ਆਪਣਾ ਪੂਰਾ ਨਾਮ, ਰਿਹਾਇਸ਼ੀ ਪਤਾ ਲਿਖੋ, ਦਸਤਖ਼ਤ ਕਰੋ ਅਤੇ ਤਾਰੀਖ ਪਾਓ।




# ਕਦਮ 4

**ਲਿਫਾਫੇ** 1 ਨੂੰ **ਲਿਫਾਫੇ** 2 ਦੇ ਅੰਦਰ ਰੱਖੋ ਅਤੇ ਲਿਫਾਫੇ ਨੂੰ ਸੀਲ ਕਰ ਦਿਓ।




# ਕਦਮ 5

**ਲਿਫਾਫੇ ਨੂੰ** 2 **ਲਿਫਾਫੇ** 3 ਦੇ ਅੰਦਰ ਰੱਖੋ। ਆਪਣਾ ਰਿਹਾਇਸ਼ੀ ਪਤਾ ਸ਼ਾਮਲ ਕਰੋ ਅਤੇ ਲਿਫਾਫੇ ਨੂੰ ਸੀਲ ਕਰੋ।

